## ਜਮਾਤ -ਅੱਠਵੀਂ                 ਪਾਠ-1 ਜੈ ਭਾਰਤ ਮਾਤਾ



**ਪ੍ਰਸ਼ਨ(ੳ) ਇਸ ਕਵਿਤਾ ਵਿੱਚ ਕਿਹੜੇ-ਕਿਹੜੇ ਦੇਸ਼ ਭਗਤਾਂ ਦਾ ਜ਼ਿਕਰ ਆਇਆ ਹੈ?**

ਉੱਤਰ- ਇਸ ਕਵਿਤਾ ਵਿੱਚ ਭਗਤ ਸਿੰਘ,ਊਧਮ ਸਿੰਘ,ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ,ਸ਼ਿਵਾ ਜੀ,ਮਹਾਰਾਣਾ ਪ੍ਰਤਾਪ ਆਦਿ ਦੇਸ਼ ਭਗਤਾਂ ਦਾ ਜ਼ਿਕਰ ਆਇਆ ਹੈ।

**ਪ੍ਰਸ਼ਨ (ਅ) ਇਸ ਕਵਿਤਾ ਵਿੱਚ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਨਾਲ ਸੰਬੰਧਿਤ ਕਿਹੜੀਆਂ-ਕਿਹੜੀਆਂ ਥਾਵਾਂ ਦਾ ਵਰਣਨ ਹੈ?**

ਉੱਤਰ- ਇਸ ਕਵਿਤਾ ਵਿੱਚ ਦੇਸ਼ ਦੀ ਅਜ਼ਾਦੀ ਦੇ ਇਤਿਹਾਸ ਨਾਲ ਸੰਬੰਧਿਤ ਹਲਦੀ ਘਾਟੀ,ਸੋਮਨਾਥ ਮੰਦਰ,ਜਲ੍ਹਿਆਂ ਵਾਲੇ ਬਾਗ,ਤੇ ਝਾਂਸੀ ਆਦਿ ਥਾਵਾਂ ਦਾ ਜ਼ਿਕਰ ਆਇਆ ਹੈ।



**ਪ੍ਰਸ਼ਨ 2. ਹੇਠ ਲਿਖੀਆਂ ਸਤਰਾਂ ਦਾ ਭਾਵ ਸਪੱਸ਼ਟ ਕਰੋ:**

**(ੳ) ਲਹੂਆਂ ਦੇ ਸੰਗ ਲਿਖੀ ਗਈ ਹੈ,**
**ਅਣਖ ਤੇਰੀ ਦੀ ਲੰਮੀ ਗਾਥਾ।**

ਉਪਰੋਕਤ ਸਤਰਾਂ ਦਾ ਭਾਵ ਹੈ ਕਿ ਭਾਰਤ ਮਾਤਾ ਦੀ ਅਣਖ ਦੀ ਲੰਮੀ ਕਹਾਣੀ ਇਸ ਦੇ ਯੋਧਿਆਂ ਦੇ ਖ਼ੂਨ ਨਾਲ ਲਿਖੀ ਗਈ ਹੈ ਭਾਵ ਕਿ ਇਸ ਦੇ ਮਾਣ-ਸਨਮਾਨ ਨੂੰ ਕਾਇਮ ਰੱਖਣ ਲਈ ਅਨੇਕਾਂ ਦੇਸ਼-ਭਗਤਾਂ ਨੇ ਆਪਣਾ ਖ਼ੂਨ ਡੋਲ੍ਹਿਆ ਹੈ।



**(ਅ) ਫਾਂਸੀ ਦੇ ਫੱਟਿਆਂ ਤੇ ਬੈਠੀ,ਤਵਾਰੀਖ ਪਈ ਆਖੇ,**
**ਜੈ ਭਾਰਤ, ਜੈ ਭਾਰਤ ਮਾਤਾ।**

ਉਪਰੋਕਤ ਸਤਰਾਂ ਦਾ ਭਾਵ ਹੈ ਕਿ ਇਤਿਹਾਸ ਇਸ ਗੱਲ ਦੀ ਅੱਜ ਵੀ ਗਵਾਹੀ ਭਰਦਾ ਹੈ ਕਿ ਭਾਰਤ ਦੇ ਬਹਾਦਰ ਸੂਰਬੀਰਾਂ ਨੇ ਭਾਰਤ ਮਾਂ ਦੀ ਅਣਖ ਲਈ ਕਿਸ ਤਰ੍ਹਾਂ ਕੁਰਬਾਨੀਆਂ ਕੀਤੀਆਂ ਹਨ। ਇਸ ਲਈ ਹੇ ਭਾਰਤ ਮਾਤਾ ਤੇਰੀ ਸਦਾ ਹੀ ਜੈ ਹੋਵੇ।

**ਪ੍ਰਸਨ 3. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।**

ਪੰਜਾਬ ਦੇ ਦਰਿਆਵਾਂ ਦੇ ਨਾਂ ਹੇਠ ਲਿਖੇ ਹਨ:
ਸਤਲੁਜ, ਬਿਆਸ, ਰਾਵੀ, ਜਿਹਲਮ, ਚਨਾਬ